ਹੋਰ ਬ੍ਰੋਸ਼ਰ ਜਿਹੜੇ ਤੁਹਾਡੇ ਲਈ ਸਹਾਈ ਹੋ ਸਕਦੇ ਹਨ:

**ਜਿਊਂਦੇ ਵਿਅਕਤੀ ਵੱਲੋਂ ਗੁਰਦਾ ਦਾਨ ਕੀਤੇ ਜਾਣ ਸੰਬੰਧੀ ਟ੍ਰਾਂਸਪਲਾਂਟ ਪ੍ਰਕਿਰਿਆ:** ਜਿਊਂਦੇ-ਜੀਅ ਗੁਰਦਾ ਦਾਨ ਕਰਨ ਵਾਲਿਆਂ ਲਈ ਕਦਮ-ਬ-ਕਦਮ ਗਾਈਡ

**ਦਾਨੀ ਲੱਭਣਾ ਅਤੇ ਆਪਣੀ ਲੋੜ ਬਾਰੇ ਸੁਨੇਹਾ ਪਹੁੰਚਾਉਣਾ:** ਸੰਭਾਵੀ ਦਾਨੀਆਂ ਤਕ ਪਹੁੰਚ ਕਰਨ ਲਈ ਕਦਮ-ਬ-ਕਦਮ ਗਾਈਡ

BC TRANSPLANT
An agency of the Provincial Health Services Authority


Suite 350, West Tower
555 West 12th Ave.
Vancouver, BC
V5Z 3X7

ਫ਼ੋਨ: 604-877-2240
ਟੋਲ ਫ੍ਰੀ: 1-800-663-6189
ਫ਼ੈਕਸ: 604-877-2111
ਵੈੱਬਸਾਈਟ: transplant.bc.ca

facebook.com/BCTransplant
@bc_transplant


BC Transplant BC Renal Agency
PARTNERSHIP


ਇਹ ਬ੍ਰੋਸ਼ਰ ਬੀ.ਸੀ. ਰੀਨਲ ਏਜੰਸੀ ਦੇ ਸਹਿਯੋਗ ਨਾਲ ਤਿਆਰ ਕੀਤਾ ਗਿਆ ਹੈ।
www.bcrenalagency.ca


Punjabi

# ਨਵਾਂ ਗੁਰਦਾ ਲਗਾਉਣ (ਟ੍ਰਾਂਸਪਲਾਂਟ) ਦੀ ਪ੍ਰਕਿਰਿਆ



## ਗੁਰਦਾ ਟ੍ਰਾਂਸਪਲਾਂਟ ਕੀਤੇ ਜਾਣ ਵਾਲੇ ਮਰੀਜ਼ਾਂ ਲਈ ਕਦਮ-ਬ-ਕਦਮ ਗਾਈਡ

BC TRANSPLANT
An agency of the Provincial Health Services Authority

## ਜ਼ਿਆਦਾ ਜਾਣਕਾਰੀ ਚਾਹੀਦੀ ਹੈ?

**St. Paul's Hospital Pre-Transplant Program**
**(ਸੇਂਟ ਪੌਲ੍ਹਜ਼ ਹਸਪਤਾਲ ਪ੍ਰੀ-ਟ੍ਰਾਂਸਪਲਾਂਟ ਪ੍ਰੋਗਰਾਮ)**
Unit 6A, 6th Floor, Providence Building
1081 Burrard St.
Vancouver, BC V6Z 1Y6
ਫ਼ੋਨ: 604-806-9078
ਫ਼ੈਕਸ: 604-806-9858
ਟੋਲ ਫ੍ਰੀ: 1-877-955-1755
donornurse@providencehealth.bc.ca
recipientnurse@providencehealth.bc.ca
www.providencehealthcare.org

**Vancouver General Hospital Pre-Transplant Service**
**(ਵੈਨਕੂਵਰ ਜਨਰਲ ਹਸਪਤਾਲ ਪ੍ਰੀ-ਟ੍ਰਾਂਸਪਲਾਂਟ ਸਰਵਿਸ)**
5th Floor, Gordon and Leslie Diamond Health Care Centre
2775 Laurel St.
Vancouver, BC V5Z 1M9
ਫ਼ੋਨ: 604-875-5182
ਫ਼ੈਕਸ: 604-875-5236
ਟੋਲ ਫ੍ਰੀ: 1-855-875-5182
www.vch.ca

**BC Children's Hospital Renal Transplant Program**
**(ਬੀ.ਸੀ. ਚਿਲਡ੍ਰਨ'ਜ਼ ਹਸਪਤਾਲ ਰੀਨਲ ਟ੍ਰਾਂਸਪਲਾਂਟ ਪ੍ਰੋਗਰਾਮ)**
K4-172
4480 Oak St.
Vancouver, BC  V6H 3V4
ਫ਼ੋਨ: 604-875-3613
ਫ਼ੈਕਸ: 604-875-2943

## ਹੋਰ ਵਸੀਲੇ:

**BC Transplant**
**(ਬੀ.ਸੀ. ਟ੍ਰਾਂਸਪਲਾਂਟ)**
ਫ਼ੋਨ: 604-877-2240
ਟੋਲ ਫ੍ਰੀ: 1-800-663-6189
www.transplant.bc.ca

**Kidney Foundation of Canada, BC Branch (ਕਿਡਨੀ ਫ਼ਾਊਂਡੇਸ਼ਨ ਆਫ਼ ਕੈਨੇਡਾ, ਬੀ.ਸੀ. ਬਰਾਂਚ)**
ਫ਼ੋਨ: 604-736-9775
ਟੋਲ ਫ੍ਰੀ: 1-800-567-8112
www.kidney.bc.ca

ਜਦੋਂ ਤਕ ਟ੍ਰਾਂਸਪਲਾਂਟ ਕੀਤਾ ਅੰਗ ਤੁਹਾਡੇ ਸਰੀਰ ਵਿੱਚ ਹੈ, ਉਦੋਂ ਤਕ ਤੁਹਾਨੂੰ 'ਐਂਟੀ-ਰਿਜੈਕਸ਼ਨ' ਦਵਾਈਆਂ ਲੈਣ ਦੀ ਲੋੜ ਪਵੇਗੀ।

ਆਪਣੀ ਸਮੁੱਚੀ ਸਿਹਤ ਦੀ ਨਿਗਰਾਨੀ ਲਈ ਤੁਹਾਨੂੰ ਆਪਣੇ ਫ਼ੈਮਲੀ ਡਾਕਟਰ ਕੋਲ ਵੀ ਬਾਕਾਇਦਾ ਜਾਣਾ ਪਵੇਗਾ। ਇਸ ਵਿੱਚ ਚਮੜੀ ਦੇ ਕੈਂਸਰ ਲਈ ਸਮੇਂ-ਸਮੇਂ ਸਿਰ ਜਾਂਚ ਕੀਤੀ ਜਾਣੀ ਸ਼ਾਮਲ ਹੈ, ਜੋ ਕਿ ਟ੍ਰਾਂਸਪਲਾਂਟ ਤੋਂ ਬਾਅਦ ਹੋਣ ਵਾਲਾ ਸਭ ਤੋਂ ਆਮ ਕਿਸਮ ਦਾ ਕੈਂਸਰ ਹੁੰਦਾ ਹੈ।

## ਮੈਨੂੰ 'ਇਮਿਊਨੋਸਪਰੈਸੈਂਟ' ਦਵਾਈਆਂ ਦੀ ਲੋੜ ਕਿਉਂ ਹੈ?

ਤੁਹਾਡੇ ਸਰੀਰ ਦਾ 'ਇਮਿਊਨ ਸਿਸਟਮ' ਕਿਸੇ ਵੀ ਅਣਪਛਾਤੀ ਚੀਜ਼ ਨਾਲ ਲੜਨ ਲਈ ਬਣਿਆ ਹੁੰਦਾ ਹੈ। ਜੇਕਰ ਇਹ ਅਣਪਛਾਤੀ ਚੀਜ਼ ਕੋਈ ਇਨਫ਼ੈਕਸ਼ਨ ਹੋਵੇ ਤਾਂ 'ਇਮਿਊਨ ਸਿਸਟਮ' ਵੱਲੋਂ ਲੜਨਾ ਚੰਗੀ ਗੱਲ ਹੈ ਪਰ ਜੇਕਰ ਇਹ ਤੁਹਾਡਾ ਨਵਾਂ ਗੁਰਦਾ ਹੋਵੇ, ਫ਼ਿਰ ਇਹ ਚੰਗੀ ਗੱਲ ਨਹੀਂ ਹੁੰਦੀ। ਆਪਣੇ ਸਰੀਰ ਨੂੰ ਨਵੇਂ ਗੁਰਦੇ ਖ਼ਿਲਾਫ਼ ਲੜਨ ਜਾਂ ਉਸ ਨੂੰ ਠੁਕਰਾਉਣ ਤੋਂ ਰੋਕਣ ਵਾਸਤੇ ਤੁਹਾਡੇ ਲਈ 'ਐਂਟੀ ਰੀਜੈਕਸ਼ਨ' ਦਵਾਈਆਂ ਲੈਣੀਆਂ ਲਾਜ਼ਮੀ ਹਨ। ਅੰਗਾਂ ਦੇ ਟ੍ਰਾਂਸਪਲਾਂਟ ਵਿੱਚ ਕਦੇ ਵੀ ਪੂਰੀ ਤਰ੍ਹਾਂ ਮੇਲ ਖਾਂਦਾ ਅੰਗ ਨਹੀਂ ਮਿਲਦਾ (ਅਜਿਹਾ ਸਿਰਫ਼ ਉਦੋਂ ਹੀ ਹੁੰਦਾ ਹੈ ਜੇ ਅੰਗ ਦਾਨ ਕਰਨ ਵਾਲਾ ਹਮਸ਼ਕਲ ਜੌੜਾ ਹੋਵੇ)। ਜਦੋਂ ਤਕ ਤੁਸੀਂ ਟ੍ਰਾਂਸਪਲਾਂਟ ਕੀਤੇ ਗੁਰਦੇ ਦੀ ਵਰਤੋਂ ਕਰੋਗੇ, ਉਦੋਂ ਤਕ ਤੁਹਾਨੂੰ ਇਹ ਦਵਾਈ ਲੈਣੀ ਪਵੇਗੀ। ਜੇ ਤੁਸੀਂ ਕਦੇ ਵੀ 'ਐਂਟੀ ਰੀਜੈਕਸ਼ਨ' ਦਵਾਈ ਲੈਣੀ ਬੰਦ ਕਰ ਦਿੱਤੀ ਤਾਂ ਤੁਹਾਡਾ ਸਰੀਰ ਨਵੇਂ ਗੁਰਦੇ ਨੂੰ ਠੁਕਰਾ ਦੇਵੇਗਾ।

ਜਿਊਂਦੇ-ਜੀਅ ਗੁਰਦਾ ਦਾਨ ਕਰਨ ਅਤੇ ਗੁਰਦੇ ਦੇ ਟ੍ਰਾਂਸਪਲਾਂਟ ਸੰਬੰਧੀ ਵੀਡਿਓਜ਼ ਦੇਖਣ ਲਈ www.transplant.bc.ca 'ਤੇ ਜਾਓ।



**ਗੁਰਦੇ ਦੀ ਬਿਮਾਰੀ ਨਾਲ ਜੂਝ ਰਹੇ ਲੋਕਾਂ ਲਈ ਗੁਰਦਾ ਟ੍ਰਾਂਸਪਲਾਂਟ ਕਰਵਾਉਣਾ ਟ੍ਰੀਟਮੈਂਟ ਦਾ ਇੱਕ ਵਿਕਲਪ ਹੁੰਦਾ ਹੈ। ਗੁਰਦਾ ਟ੍ਰਾਂਸਪਲਾਂਟ ਕਰਵਾਉਣ ਨਾਲ ਡਾਇਆਲਾਸਿਸ ਤੋਂ ਛੁਟਕਾਰਾ ਮਿਲ ਸਕਦਾ ਹੈ, ਸਰੀਰਕ ਅਤੇ ਮਾਨਸਿਕ ਸਿਹਤ ਵਿੱਚ ਸੁਧਾਰ ਆ ਸਕਦਾ ਹੈ, ਜੀਵਨ ਮਿਆਰ ਬਿਹਤਰ ਹੋ ਸਕਦਾ ਹੈ ਅਤੇ ਉਮਰ ਵਧ ਸਕਦੀ ਹੈ।**

ਇਨ੍ਹਾਂ ਸਾਰੇ ਫ਼ਾਇਦਿਆਂ ਕਾਰਨ ਹੋ ਸਕਦਾ ਹੈ ਕਿ ਤੁਸੀਂ ਕਹੋਗੇ "ਮੈਂ ਇਸ ਲਈ ਤਿਆਰ ਹਾਂ!" ਪਰ ਗੁਰਦਾ ਟ੍ਰਾਂਸਪਲਾਂਟ ਕਰਨਾ ਹਰ ਕਿਸੇ ਲਈ ਸਹੀ ਚੋਣ ਨਹੀਂ ਹੁੰਦੀ। ਜੇ ਤੁਸੀਂ ਕਿਸੇ ਗੰਭੀਰ ਮੈਡੀਕਲ ਜਾਂ ਮਾਨਸਿਕ ਸਮੱਸਿਆ ਤੋਂ ਪੀੜਤ ਹੋ ਤਾਂ ਹੋ ਸਕਦਾ ਹੈ ਕਿ ਟ੍ਰੀਟਮੈਂਟ ਦੇ ਹੋਰ ਵਿਕਲਪ ਤੁਹਾਡੇ ਲਈ ਜ਼ਿਆਦਾ ਢੁਕਵੇਂ ਹੋਣ।

ਟ੍ਰਾਂਸਪਲਾਂਟ ਲਈ ਗੁਰਦੇ ਦੋ ਤਰ੍ਹਾਂ ਦੇ ਲੋਕਾਂ ਵੱਲੋਂ ਦਾਨ ਕੀਤੇ ਜਾਂਦੇ ਹਨ – ਜਿਊਂਦੇ ਦਾਨੀ ਅਤੇ ਮ੍ਰਿਤਕ ਦਾਨੀ। ਇਹ ਬ੍ਰੋਸ਼ਰ ਤੁਹਾਨੂੰ ਪੂਰੇ ਅਨੁਭਵ ਬਾਰੇ ਕਦਮ-ਬ-ਕਦਮ ਦੱਸੇਗਾ ਤਾਂ ਕਿ ਤੁਹਾਨੂੰ ਇਹ ਜਾਣਕਾਰੀ ਮਿਲ ਸਕੇ ਕਿ ਗੁਰਦਾ ਟ੍ਰਾਂਸਪਲਾਂਟ ਕੀਤੇ ਜਾਣ ਤੋਂ ਪਹਿਲਾਂ, ਟ੍ਰਾਂਸਪਲਾਂਟ ਦੇ ਦੌਰਾਨ ਅਤੇ ਟ੍ਰਾਂਸਪਲਾਂਟ ਤੋਂ ਬਾਅਦ ਕਿਸ ਚੀਜ਼ ਦੀ ਆਸ ਕੀਤੀ ਜਾ ਸਕਦੀ ਹੈ।



*ਫ਼ਾਤਿਮਾ (ਖੱਬੇ) ਗੁਰਦਾ ਪ੍ਰਾਪਤ ਕਰਨ ਵਾਲੀ;*
*ਸਲੀਮਾ (ਸੱਜੇ) ਗੁਰਦਾ ਦਾਨ ਕਰਨ ਵਾਲੀ*

## ਕੀ ਗੁਰਦਾ ਟ੍ਰਾਂਸਪਲਾਂਟ ਕੀਤੇ ਜਾਣ ਨਾਲ ਮੇਰੀ ਗੁਰਦੇ ਦੀ ਬਿਮਾਰੀ ਠੀਕ ਹੋ ਜਾਵੇਗੀ?

ਗੁਰਦਾ ਟ੍ਰਾਂਸਪਲਾਂਟ ਕਰਨਾ ਗੁਰਦੇ ਦੀ ਬਿਮਾਰੀ ਦਾ ਇੱਕ ਟ੍ਰੀਟਮੈਂਟ ਤਾਂ ਹੈ, ਪਰ ਇਹ ਰੋਗ ਦਾ ਨਿਵਾਰਨ ਨਹੀਂ ਕਰਦਾ। ਟ੍ਰਾਂਸਪਲਾਂਟ ਤੋਂ ਬਾਅਦ ਜਿੰਨਾ ਚਿਰ ਤੁਹਾਡੇ ਸਰੀਰ ਅੰਦਰ ਟ੍ਰਾਂਸਪਲਾਂਟ ਕੀਤਾ ਗੁਰਦਾ ਰਹੇਗਾ, ਤੁਹਾਨੂੰ ਉਨਾਂ ਚਿਰ ਆਪਣੇ "ਇਮਿਊਨ ਸਿਸਟਮ" (ਬਿਮਾਰੀਆਂ ਨਾਲ ਲੜਨ ਲਈ ਸਰੀਰ ਦੀ ਕੁਦਰਤੀ ਪ੍ਰਣਾਲੀ) ਨੂੰ ਦਬਾਉਣ ਲਈ ਦਵਾਈਆਂ ਲੈਣੀਆਂ ਪੈਣਗੀਆਂ। ਟ੍ਰਾਂਸਪਲਾਂਟ ਕੀਤੇ ਗੁਰਦੇ ਅਨੇਕਾਂ ਸਾਲਾਂ ਤਕ, ਅਤੇ ਕਈ ਵਾਰੀ ਅਨੇਕਾਂ ਦਹਾਕਿਆਂ ਤਕ, ਠੀਕ ਤਰ੍ਹਾਂ ਕੰਮ ਕਰ ਸਕਦੇ ਹਨ।

## ਟ੍ਰਾਂਸਪਲਾਂਟ ਲਈ ਭੇਜੇ ਜਾਣਾ (ਰੈਫ਼ਰਲ)

**ਕਦਮ 1: ਮੁਢਲੀ ਜਾਂਚ**

**ਕਦਮ 2: ਮੁਲਾਂਕਣ ਲਈ ਜਾਣਾ**

**ਕਦਮ 3: ਮਨਜ਼ੂਰੀ / ਐਕਟੀਵੇਸ਼ਨ**

**ਕਦਮ 4: ਯੋਜਨਾਬੰਦੀ**

**ਕਦਮ 5: ਸੰਪਰਕ ਵਿੱਚ ਰਹੋ**

**ਕਦਮ 6: ਟ੍ਰਾਂਸਪਲਾਂਟ**

**ਕਦਮ 7: ਫ਼ਾਲੋ-ਅੱਪ**

**ਕਦਮ 8: ਟ੍ਰਾਂਸਪਲਾਂਟ ਤੋਂ ਬਾਅਦ ਦੀਆਂ ਦਵਾਈਆਂ**



ਜੇ ਤੁਸੀਂ ਲੋਅਰ ਮੇਨਲੈਂਡ ਦੇ ਇਲਾਕੇ ਵਿੱਚ ਨਹੀਂ ਰਹਿੰਦੇ ਤਾਂ ਤੁਹਾਨੂੰ ਆਰਜ਼ੀ ਤੌਰ ’ਤੇ ਵੈਨਕੂਵਰ ਵਿੱਚ ਆ ਕੇ ਰਹਿਣਾ ਪਵੇਗਾ ਤਾਂ ਕਿ ਅਸੀਂ ਬਹੁਤ ਚੰਗੀ ਤਰ੍ਹਾਂ ਤੁਹਾਡੀ ਸਿਹਤ ਦੀ ਪੈੜ ਰੱਖ ਸਕੀਏ। ਜਦੋਂ ਤੁਸੀਂ ਮੈਡੀਕਲ ਤੌਰ ’ਤੇ ਸਥਿਰ ਹੋ ਜਾਓ, ਉਦੋਂ ਤੁਹਾਡੇ ਘਰ ਦੇ ਨੇੜਲੇ ‘ਪੋਸਟ ਟ੍ਰਾਂਸਪਲਾਂਟ ਕਲੀਨਿਕ’ ਵਿਖੇ ਤੁਹਾਡੇ ਬਾਕਾਇਦਾ ਫ਼ਾਲੋ-ਅੱਪ ਲਈ ਇੰਤਜ਼ਾਮ ਕੀਤੇ ਜਾ ਸਕਦੇ ਹਨ।

ਆਪਣੇ ਘਰ ਵਾਪਸ ਆ ਜਾਣ ਤੋ ਬਾਅਦ ਤੁਹਾਨੂੰ ਆਪਣੀ ਸਥਾਨਕ ਲੈਬ ਵਿਖੇ ਖ਼ੂਨ ਦੀ ਮਹੀਨਾਵਾਰ ਜਾਂਚ ਅਤੇ ਆਪਣੇ ‘ਪੋਸਟ ਟ੍ਰਾਂਸਪਲਾਂਟ ਕਲੀਨਿਕ’ ਦੀ ਟੀਮ ਵੱਲੋਂ ਧਿਆਨਪੂਰਬਕ ਨਿਗਰਾਨੀ ਦੀ ਲੋੜ ਪਵੇਗੀ।

### ਕਦਮ 8: ਟ੍ਰਾਂਸਪਲਾਂਟ ਤੋਂ ਬਾਅਦ ਦੀਆਂ ਦਵਾਈਆਂ

ਟ੍ਰਾਂਸਪਲਾਂਟ ਤੋਂ ਬਾਅਦ ਤੁਹਾਨੂੰ ਰੋਜ਼ਾਨਾ ‘ਇਮਿਊਨੋਸਪਰੈਸੈਂਟ’ (ਐਂਟੀ-ਰਿਜੈਕਸ਼ਨ) ਦਵਾਈ ਖਾਣੀ ਪਵੇਗੀ ਤਾਂ ਕਿ ਤੁਹਾਡੇ ਸਰੀਰ ਨੂੰ ਨਵਾਂ ਗੁਰਦਾ ਠੁਕਰਾਉਣ ਤੋਂ ਰੋਕਿਆ ਜਾ ਸਕੇ। ਜਦੋਂ ਤਕ ਤੁਹਾਡਾ ਟ੍ਰਾਂਸਪਲਾਂਟ ਰਹੇਗਾ, ਉਦੋਂ ਤਕ ਤੁਹਾਨੂੰ ਇਹ ਦਵਾਈਆਂ ਲੈਣੀਆਂ ਪੈਣਗੀਆਂ। ਇਨ੍ਹਾਂ ਦਵਾਈਆਂ ਦੇ ਮਾੜੇ ਪ੍ਰਭਾਵ (ਸਾਈਡ-ਇਫ਼ੈਕਟ) ਹੋ ਸਕਦੇ ਹਨ ਅਤੇ ਇਨ੍ਹਾਂ ਦਾ ਮਾੜਾ ਅਸਰ ਘਟਾਉਣ ਲਈ ਤੁਹਾਡੀ ਟ੍ਰਾਂਸਪਲਾਂਟ ਟੀਮ ਵੱਲੋਂ ਧਿਆਨਪੂਰਬਕ ਤੁਹਾਡੀ ਨਿਗਰਾਨੀ ਕੀਤੀ ਜਾਵੇਗੀ।

ਟ੍ਰਾਂਸਪਲਾਂਟ ਤੋਂ ਬਾਅਦ ਦੇਖਭਾਲ ਲਈ ਕਈ ‘ਐਂਟੀ-ਰਿਜੈਕਸ਼ਨ’ ਦਵਾਈਆਂ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਸਾਰੀਆਂ ਦਵਾਈਆਂ ਵੱਲੋਂ ਕੀਤਾ ਕਾਰਜ ‘ਇਮਿਊਨ ਸਿਸਟਮ’ ਨੂੰ ਟ੍ਰਾਂਸਪਲਾਂਟ ਕੀਤਾ ਗੁਰਦਾ ਠੁਕਰਾਉਣ ਤੋਂ ਰੋਕਦਾ ਹੈ। ਇਸ ਦਾ ਇਹ ਮਤਲਬ ਵੀ ਹੈ ਕਿ ਇਨ੍ਹਾਂ ਦਵਾਈਆਂ ਕਾਰਨ ਤੁਹਾਡੇ ਸਰੀਰ ਲਈ ਜੀਵਾਣੂਆਂ, ਰੋਗਾਣੂਆਂ ਅਤੇ ਕੈਂਸਰ ਸੈੱਲਾਂ ਦਾ ਮੁਕਾਬਲਾ ਕਰਨਾ ਜ਼ਿਆਦਾ ਔਖਾ ਹੋ ਜਾਂਦਾ ਹੈ। ਇਸ ਨਾਲ ਤੁਹਾਨੂੰ ਇਨਫ਼ੈਕਸ਼ਨਾਂ, ਖ਼ਾਸ ਤੌਰ ’ਤੇ ਵਾਇਰਲ ਬਿਮਾਰੀਆਂ ਅਤੇ ਕੈਂਸਰ, ਹੋਣ ਦਾ ਖ਼ਤਰਾ ਵਧ ਜਾਂਦਾ ਹੈ।

‘ਐਂਟੀ-ਰਿਜੈਕਸ਼ਨ’ ਦਵਾਈਆਂ ਤੋਂ ਇਲਾਵਾ ਤੁਹਾਨੂੰ ਬਲੱਡ ਪ੍ਰੈਸ਼ਰ, ਡਾਇਬੀਟੀਜ਼ ਜਾਂ ਤੁਹਾਡੀਆਂ ਹੋਰਨਾਂ ਸਿਹਤ ਸਮੱਸਿਆਵਾਂ ਦੇ ਇਲਾਜ ਲਈ ਵਾਧੂ ਦਵਾਈਆਂ ਵੀ ਲੈਣੀਆਂ ਪੈ ਸਕਦੀਆਂ ਹਨ। ਟ੍ਰਾਂਸਪਲਾਂਟ ਤੋਂ ਬਾਅਦ ਮਰੀਜ਼ਾਂ ਵੱਲੋਂ 10 ਤਕ ਵੱਖ-ਵੱਖ ਦਵਾਈਆਂ ਲੈਣੀਆਂ ਅਸਾਧਾਰਨ ਗੱਲ ਨਹੀਂ ਹੈ। ਬੀ.ਸੀ. ਟ੍ਰਾਂਸਪਲਾਂਟ ਵੱਲੋਂ ਸਿਰਫ਼ ਤਹਾਡੀ ‘ਐਂਟੀ-ਰਿਜੈਕਸ਼ਨ’ ਦਵਾਈ ਦੀ ਲਾਗਤ ਲਈ ਹੀ ਕਵਰੇਜ ਦਿੱਤੀ ਜਾਂਦੀ ਹੈ। ਹੋਰਨਾਂ ਦਵਾਈਆਂ ਦਾ ਖ਼ਰਚਾ ਤੁਹਾਡੀ ਜ਼ਿੰਮੇਵਾਰੀ ਹੈ।



### ਕਦਮ 6: ਟ੍ਰਾਂਸਪਲਾਂਟ

ਤੁਹਾਡੇ ਸਰੀਰ ਲਈ ਦਾਨ ਕੀਤਾ ਢੁਕਵਾਂ ਗੁਰਦਾ ਲੱਭਣਾ ਗੁੰਝਲਦਾਰ ਹੋ ਸਕਦਾ ਹੈ। ਕੀ ਦਾਨ ਕੀਤਾ ਗੁਰਦਾ ਮਰੀਜ਼ ਨਾਲ ਮੇਲ ਖਾਂਦਾ ਹੈ ਜਾਂ ਨਹੀਂ, ਇਹ ਪਤਾ ਕਰਨ ਲਈ ਧਿਆਨ ਦੇਣ ਯੋਗ ਚੀਜ਼ਾਂ ਵਿੱਚ ਸ਼ਾਮਲ ਹਨ: ਗੁਰਦਾ ਦਾਨ ਕਰਨ ਵਾਲੇ ਅਤੇ ਗੁਰਦਾ ਪ੍ਰਾਪਤ ਕਰਨ ਵਾਲੇ ਵਿਅਕਤੀ ਦੇ ਖ਼ੂਨ ਦਾ ਗਰੁੱਪ, ਉਮਰ, ਟਿਸ਼ੂ ਦੀ ਕਿਸਮ ਅਤੇ ਗੁਰਦਾ ਪ੍ਰਾਪਤ ਕਰਨ ਵਾਲੇ ਮਰੀਜ਼ ਵੱਲੋਂ ਇੰਤਜ਼ਾਰ ਸੂਚੀ ਉੱਪਰ ਬਿਤਾਇਆ ਸਮਾਂ। ਦਾਨ ਕੀਤੇ ਸਾਰੇ ਅੰਗਾਂ ਦੀ ਜਾਂਚ ਕੀਤੀ ਜਾਂਦੀ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਟ੍ਰਾਂਸਪਲਾਂਟ ਕਰਨਾ ਸੁਰੱਖਿਅਤ ਰਹੇਗਾ।

ਜਦੋਂ ਦਾਨ ਕੀਤਾ ਢੁਕਵਾਂ ਗੁਰਦਾ ਮਿਲ ਜਾਂਦਾ ਹੈ ਅਤੇ ਟ੍ਰਾਂਸਪਲਾਂਟ ਲਈ ਤੁਹਾਡੀ ਵਾਰੀ ਆ ਜਾਂਦੀ ਹੈ, ਉਦੋਂ ਟ੍ਰਾਂਸਪਲਾਂਟ ਸਰਜਰੀ ਵੈਨਕੂਵਰ ਵਿੱਚ ਕੀਤੀ ਜਾਵੇਗੀ। ਜਦੋਂ ਤੁਹਾਨੂੰ ਟੀਮ ਵੱਲੋਂ ਬੁਲਾਇਆ ਜਾਵੇਗਾ, ਉਦੋਂ ਤੁਹਾਨੂੰ ਆਪਣੇ ਟ੍ਰਾਂਸਪਲਾਂਟ ਹਸਪਤਾਲ ਵਿਖੇ ਛੇਤੀ ਤੋਂ ਛੇਤੀ ਆਉਣ ਲਈ ਇੰਤਜ਼ਾਮ ਕਰਨਾ ਪਵੇਗਾ। ਸਰਜਰੀ ਲਈ ਆਮ ਤੌਰ 'ਤੇ 3-5 ਘੰਟੇ ਲੱਗਦੇ ਹਨ ਅਤੇ ਤੁਸੀਂ ਹਸਪਤਾਲ ਵਿੱਚ ਔਸਤਨ 5-7 ਦਿਨਾਂ ਲਈ ਰਹੋਗੇ।

## ਟ੍ਰਾਂਸਪਲਾਂਟ ਕੀਤੇ ਗੁਰਦੇ ਨਾਲ ਜਿਊਣਾ

ਗੁਰਦੇ ਦੇ ਟ੍ਰਾਂਸਪਲਾਂਟ ਲਈ ਆਪਣੀਆਂ ਦਵਾਈਆਂ ਲੈਣ ਅਤੇ ਆਪਣੀ ਟ੍ਰਾਂਸਪਲਾਂਟ ਟੀਮ ਦੀ ਦੇਖਭਾਲ ਯੋਜਨਾ ਦੀ ਪਾਲਣਾ ਕਰਨ ਪ੍ਰਤੀ ਗੰਭੀਰ ਵਚਨਬੱਧਤਾ ਦੀ ਲੋੜ ਹੁੰਦੀ ਹੈ।

### ਕਦਮ 7: ਫ਼ਾਲੋ-ਅੱਪ

ਹਸਪਤਾਲ ਤੋਂ ਛੁੱਟੀ ਮਿਲਣ ਉਪਰੰਤ ਸਿਹਤਯਾਬ ਹੁੰਦੇ ਹੋਏ ਤੁਹਾਨੂੰ ਆਪਣੇ ਪਰਿਵਾਰਕ ਮੈਂਬਰਾਂ ਜਾਂ ਤੁਹਾਨੂੰ ਸਹਾਰਾ ਦੇਣ ਵਾਲੇ ਸਮਾਜਕ ਗਰੁੱਪ ਦੀ ਮਦਦ ਦੀ ਲੋੜ ਪਵੇਗੀ।

ਅਗਲੇ ਦੋ ਤੋਂ ਤਿੰਨ ਮਹੀਨਿਆਂ ਤਕ 'ਵੈਨਕੂਵਰ ਪੋਸਟ ਟ੍ਰਾਂਸਪਲਾਂਟ ਕਲੀਨਿਕ' ਵੱਲੋਂ ਬਹੁਤ ਬਾਰੀਕੀ ਨਾਲ ਤੁਹਾਡੀ ਸਿਹਤ ਦੀ ਪੈੜ ਰੱਖੀ ਜਾਵੇਗੀ। ਪੋਸਟ ਟ੍ਰਾਂਸਪਲਾਂਟ ਤੁਹਾਨੂੰ ਹਫ਼ਤੇ ਵਿੱਚ ਘੱਟੋ-ਘੱਟ ਦੋ ਵਾਰੀ ਮਿਲੇਗੀ ਅਤੇ ਇਨ੍ਹਾਂ ਮੁਲਾਕਾਤਾਂ ਵਿਚਕਾਰ ਤੁਹਾਨੂੰ ਖ਼ੂਨ ਦਾ ਟੈਸਟ ਕਰਵਾਉਣ ਦੀ ਲੋੜ ਪੈ ਸਕਦੀ ਹੈ।



## ਸ਼ੁਰੂਆਤ ਕਰਨੀ

### ਕਦਮ 1: ਮੁਢਲੀ ਜਾਂਚ

ਤੁਹਾਨੂੰ ਰੈਫ਼ਰ ਕਰਨ ਵਾਲਾ ਨੈਫ਼ਰਾਲੋਜਿਸਟ (ਗੁਰਦਿਆਂ ਦਾ ਡਾਕਟਰ) ਰੈਫ਼ਰ ਕਰਨ ਦੀ ਪ੍ਰਕਿਰਿਆ ਦੇ ਹਿੱਸੇ ਵਜੋਂ ਤੁਹਾਨੂੰ ਕੁਝ ਟੈਸਟ ਕਰਾਉਣ ਲਈ ਕਹੇਗਾ। ਇਹ ਕਾਰਵਾਈ ਤੁਹਾਡੇ ਘਰ ਦੇ ਨੇੜੇ ਹੀ ਕੀਤੀ ਜਾਵੇਗੀ।

### ਕਦਮ 2: ਮੁਲਾਂਕਣ ਲਈ ਜਾਣਾ

ਮੁਢਲੀ ਜਾਂਚ ਦੇ ਨਤੀਜੇ ਮਿਲ ਜਾਣ ਤੋਂ ਬਾਅਦ ਟ੍ਰਾਂਸਪਲਾਂਟ ਟੀਮ ਵੱਲੋਂ ਤੁਹਾਡਾ ਮੁਲਾਂਕਣ ਕਰਨ ਲਈ ਸਮਾਂ ਤੈਅ ਕੀਤਾ ਜਾਵੇਗਾ।

ਟ੍ਰਾਂਸਪਲਾਂਟ ਟੀਮ ਵੱਲੋਂ ਮੁਲਾਂਕਣ ਦਾ ਕੰਮ ਵੈਨਕੂਵਰ ਵਿੱਚ ਕੀਤਾ ਜਾਂਦਾ ਹੈ ਜਿੱਥੇ ਨਰਸ ਸੰਯੋਜਕ, ਸੋਸ਼ਲ ਵਰਕਰ, ਟ੍ਰਾਂਸਪਲਾਂਟ ਨੈਫ਼ਰਾਲੋਜਿਸਟ (ਗੁਰਦਿਆਂ ਦਾ ਮਾਹਰ ਡਾਕਟਰ) ਅਤੇ ਟ੍ਰਾਂਸਪਲਾਂਟ ਸਰਜਨ ਵੱਲੋਂ ਤੁਹਾਡਾ ਮੁਲਾਂਕਣ ਕੀਤਾ ਜਾਵੇਗਾ। ਇੱਥੇ ਆਉਣ ਸਮੇਂ ਕਿਸੇ ਪਰਿਵਾਰਕ ਮੈਂਬਰ ਜਾਂ ਸਹਾਰਾ ਦੇਣ ਵਾਲੇ ਵਿਅਕਤੀ ਨੂੰ ਆਪਣੇ ਨਾਲ ਲਿਆਉਣਾ ਇੱਕ ਚੰਗਾ ਵਿਚਾਰ ਹੋ ਸਕਦਾ ਹੈ। ਮੁਲਾਂਕਣ ਦੀ ਇਸ ਫ਼ੇਰੀ ਦੌਰਾਨ ਕਈ ਘੰਟਿਆਂ ਦਾ ਸਮਾਂ ਲੱਗ ਸਕਦਾ ਹੈ।

ਤੁਹਾਡੇ ਮੁਲਾਂਕਣ ਤੋਂ ਬਾਅਦ ਤੁਹਾਡੇ ਕੇਸ ਦੀ ਸਮੀਖਿਆ ਲਈ ਸਾਰੀ ਟੀਮ ਦੀ ਇੱਕ ਮੀਟਿੰਗ ਹੋਵੇਗੀ। ਫ਼ੈਸਲਾ ਲੈਣ ਲਈ ਕਈ ਵਾਰੀ ਟੀਮ ਨੂੰ ਜ਼ਿਆਦਾ ਜਾਣਕਾਰੀ ਜਾਂ ਟੈਸਟਾਂ ਦੀ ਲੋੜ ਪੈ ਸਕਦੀ ਹੈ। ਉਦਾਹਰਣ ਲਈ, ਹੋ ਸਕਦਾ ਹੈ ਕਿ ਟੀਮ ਤੁਹਾਨੂੰ ਕਿਸੇ ਕਾਰਡੀਆਲੋਜਿਸਟ (ਹਿਰਦੈ ਰੋਗ ਦਾ ਮਾਹਰ ਡਾਕਟਰ), ਗੈਸਟ੍ਰੋਐਂਟਾਲੋਜਿਸਟ (ਹਾਜ਼ਮੇ ਦੀ ਕਿਰਿਆ ਨਾਲ ਸੰਬੰਧਤ ਅੰਗਾਂ ਦਾ ਮਾਹਰ ਡਾਕਟਰ) ਜਾਂ ਕਿਸੇ ਹੋਰ ਸਪੈਸ਼ਲਿਸਟ ਕੋਲ ਭੇਜੇ ਤਾਂ ਕਿ ਟ੍ਰਾਂਸਪਲਾਂਟ ਟੀਮ ਨੂੰ ਤੁਹਾਡੀ ਸਿਹਤ ਸੰਬੰਧੀ ਸਾਰੀ ਲੋੜੀਂਦੀ ਜਾਣਕਾਰੀ ਮਿਲ ਸਕੇ। ਜਿੰਨਾ ਛੇਤੀ ਤੋਂ ਛੇਤੀ ਸੰਭਵ ਹੋ ਸਕੇ, ਤੁਹਾਨੂੰ ਨਤੀਜਿਆਂ ਬਾਰੇ ਦੱਸਿਆ ਜਾਵੇਗਾ।

### ਕਦਮ 3: ਮਨਜ਼ੂਰੀ / ਐਕਟੀਵੇਸ਼ਨ

ਤੁਹਾਡਾ ਮੁਲਾਂਕਣ ਮੁਕੰਮਲ ਹੋਣਾ ਲਾਜ਼ਮੀ ਹੈ ਅਤੇ ਤੁਹਾਡੀ ਟ੍ਰਾਂਸਪਲਾਂਟ ਟੀਮ ਨੂੰ ਇਹ ਯਕੀਨ ਹੋਣਾ ਲਾਜ਼ਮੀ ਹੈ ਕਿ ਟ੍ਰਾਂਸਪਲਾਂਟ ਲਈ ਤੁਸੀਂ ਇੱਕ ਸਹੀ ਉਮੀਦਵਾਰ ਹੋ। ਜਿਊਂਦੇ ਦਾਨੀ ਵੱਲੋਂ ਗੁਰਦਾ ਮਿਲਣਾ ਤੁਹਾਡੇ ਲਈ ਇੱਕ ਵਿਕਲਪ ਹੋ ਸਕਦਾ ਹੈ ਕਿਉਂਕਿ ਇਸ ਨਾਲ ਤੁਹਾਨੂੰ ਛੇਤੀ ਗੁਰਦਾ ਮਿਲ ਜਾਵੇਗਾ, ਆਦਰਸ਼ ਹਾਲਾਤ ਵਿੱਚ ਤੁਹਾਡਾ ਡਾਇਆਲਾਸਿਸ ਸ਼ੁਰੂ ਹੋਣ ਤੋਂ ਵੀ ਪਹਿਲਾਂ।




ਜਿਸ ਵਿਅਕਤੀ ਨੇ ਤੁਹਾਨੂੰ ਆਪਣਾ ਗੁਰਦਾ ਦਾਨ ਕਰਨਾ ਹੈ, ਜੇਕਰ ਉਸ ਨੂੰ ਮਨਜ਼ੂਰੀ ਮਿਲ ਚੁੱਕੀ ਹੋਵੇ ਤਾਂ ਅਸੀਂ ਤੁਹਾਡੀ ਅਤੇ ਤੁਹਾਨੂੰ ਗੁਰਦਾ ਦਾਨ ਦੇਣ ਵਾਲੇ ਵਿਅਕਤੀ ਦੀ ਸਹੂਲਤ ਮੁਤਾਬਕ ਟ੍ਰਾਂਸਪਲਾਂਟ ਦੀ ਤਾਰੀਖ਼ ਤੈਅ ਕਰ ਸਕਦੇ ਹਾਂ। ਸੰਭਾਵੀ ਦਾਨੀਆਂ ਤਕ ਪਹੁੰਚ ਕਰਨ ਸੰਬੰਧੀ ਵਧੇਰੇ ਜਾਣਕਾਰੀ ਤੁਹਾਨੂੰ "ਦਾਨੀ ਲੱਭਣਾ" ਨਾਂ ਦੇ ਬ੍ਰੋਸ਼ਰ ਵਿੱਚ ਮਿਲ ਸਕਦੀ ਹੈ। ਜੇ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਜਾਣਦੇ ਹੋ ਜਿਹੜਾ ਆਪਣੇ ਜਿਉਂਦੇ-ਜੀਅ ਆਪਣਾ ਗੁਰਦਾ ਦਾਨ ਕਰਨ ਦਾ ਚਾਹਵਾਨ ਹੈ ਤਾਂ ਉਨ੍ਹਾਂ ਲਈ "ਜਿਉਂਦੇ ਵਿਅਕਤੀ ਵੱਲੋਂ ਗੁਰਦਾ ਦਾਨ ਕੀਤੇ ਜਾਣ ਸੰਬੰਧੀ ਟ੍ਰਾਂਸਪਲਾਂਟ ਪ੍ਰਕਿਰਿਆ" ਨਾਂ ਦਾ ਬ੍ਰੋਸ਼ਰ ਪੜ੍ਹਨਾ ਇੱਕ ਚੰਗਾ ਵਿਚਾਰ ਹੋ ਸਕਦਾ ਹੈ। ਜ਼ਿਆਦਾ ਜਾਣਕਾਰੀ ਲਈ ਉਹ ਤੁਹਾਡੇ ਟ੍ਰਾਂਸਪਲਾਂਟ ਕੇਂਦਰ ਨਾਲ ਸਿੱਧਾ ਸੰਪਰਕ ਵੀ ਕਰ ਸਕਦੇ ਹਨ। ਟ੍ਰਾਂਸਪਲਾਂਟ ਕੇਂਦਰਾਂ ਦੀ ਸੰਪਰਕ ਜਾਣਕਾਰੀ ਇਸ ਬ੍ਰੋਸ਼ਰ ਦੇ ਪਿਛਲੇ ਵਰਕੇ 'ਤੇ ਦਿੱਤੀ ਹੋਈ ਹੈ।

ਜੇਕਰ ਜਿਉਂਦੇ ਦਾਨੀ ਵੱਲੋਂ ਗੁਰਦਾ ਮਿਲਣਾ ਸੰਭਵ ਨਾ ਹੋਵੇ ਤਾਂ ਤੁਹਾਡਾ ਡਾਇਆਲਾਸਿਸ ਸ਼ੁਰੂ ਹੋ ਜਾਣ ਤੋਂ ਬਾਅਦ ਤੁਹਾਡਾ ਨਾਂ ਮ੍ਰਿਤਕ ਦਾਨੀ ਵੱਲੋਂ ਦਾਨ ਕੀਤੇ ਗੁਰਦੇ ਦੇ ਟ੍ਰਾਂਸਪਲਾਂਟ ਲਈ ਇੰਤਜ਼ਾਰ-ਸੂਚੀ ਉੱਪਰ ਪਾ ਦਿੱਤਾ ਜਾਵੇਗਾ। ਇਹ ਭਵਿੱਖਬਾਣੀ ਕਰਨੀ ਅਸੰਭਵ ਹੈ ਕਿ ਤੁਹਾਨੂੰ ਕਿੰਨਾ ਚਿਰ ਇੰਤਜ਼ਾਰ ਕਰਨਾ ਪਵੇਗਾ। ਇਹ ਤੁਹਾਡੇ ਖ਼ੂਨ ਦੀ ਕਿਸਮ ਨਾਲ ਮੇਲ ਖਾਂਦੇ ਦਾਨੀ ਦਾ ਅੰਗ ਲੱਭਣ ਅਤੇ ਇਹ ਨਿਰਧਾਰਤ ਕਰਨ 'ਤੇ ਨਿਰਭਰ ਕਰਦਾ ਹੈ ਕਿ ਕਿਤੇ ਤੁਹਾਡੇ ਖ਼ੂਨ ਵਿੱਚ ਅਜਿਹੀਆਂ "ਐਂਟੀਬਾਡੀਜ਼" (ਬਾਹਰੀ ਰੋਗਾਣੂਆਂ ਦਾ ਮੁਕਾਬਲਾ ਕਰਨ ਵਾਲੇ ਤੱਤ) ਤਾਂ ਨਹੀਂ ਹਨ ਜਿਹੜੀਆਂ ਤੁਹਾਨੂੰ ਕੁਝ ਦਾਨੀਆਂ ਵੱਲੋਂ ਦਿੱਤੇ ਅੰਗ ਪ੍ਰਾਪਤ ਕਰਨ ਤੋਂ ਅਸਮਰਥ ਬਣਾ ਦਿੰਦੀਆਂ ਹਨ। ਮ੍ਰਿਤਕ ਦਾਨੀ ਵੱਲੋਂ ਮਿਲਣ ਵਾਲੇ ਢੁਕਵੇਂ ਗੁਰਦੇ ਲਈ ਤੁਹਾਨੂੰ ਕਈ ਮਹੀਨਿਆਂ ਜਾਂ ਸਾਲਾਂ ਤਕ ਇੰਤਜ਼ਾਰ ਕਰਨਾ ਪੈ ਸਕਦਾ ਹੈ।

ਤੁਹਾਨੂੰ ਸਾਲਾਨਾ ਟੈਸਟ ਕਰਾਉਣੇ ਪੈਣਗੇ। ਟੈਸਟਾਂ ਵਿੱਚ ਮੈਮੋਗ੍ਰਾਮ ਅਤੇ ਪੈਪ ਟੈਸਟ (ਔਰਤਾਂ ਲਈ), ਪੀ.ਐੱਸ.ਏ. ਟੈਸਟ (ਮਰਦਾਂ ਲਈ), ਛਾਤੀ ਦਾ ਐਕਸ-ਰੇਅ, ਦੰਦਾਂ ਦੀ ਬਾਕਾਇਦਾ ਜਾਂਚ ਅਤੇ ਬਾਕਾਇਦਾ ਵੈਕਸੀਨੇਸ਼ਨਾਂ ਸ਼ਾਮਲ ਹਨ।

ਇਹ ਪੱਕਾ ਕਰਨ ਲਈ ਕਿ ਤੁਹਾਡੀ ਸਿਹਤ ਦੀ ਹਾਲਤ ਵਿੱਚ ਕੋਈ ਤਬਦੀਲੀ ਨਹੀਂ ਆਈ ਹੈ ਅਤੇ ਤੁਸੀਂ ਟ੍ਰਾਂਸਪਲਾਂਟ ਲਈ ਉਚਿਤ ਹੋ, ਤੁਹਾਨੂੰ ਹਰ ਇੱਕ ਜਾਂ ਦੋ ਸਾਲਾਂ ਬਾਅਦ ਚੈੱਕ-ਅੱਪ ਲਈ ਵੈਨਕੂਵਰ ਆਉਣਾ ਪੈ ਸਕਦਾ ਹੈ।





## ਕਦਮ 4: ਯੋਜਨਾਬੰਦੀ

ਇੰਤਜ਼ਾਰ ਦੇ ਸਮੇਂ ਦੌਰਾਨ ਤੁਹਾਨੂੰ ਯੋਜਨਾਬੰਦੀ ਕਰਨੀ ਪਵੇਗੀ ਤਾਂ ਕਿ ਜਦੋਂ ਤੁਹਾਡੇ ਟ੍ਰਾਂਸਪਲਾਂਟ ਦਾ ਸਮਾਂ ਆਵੇ, ਉਦੋਂ ਤੁਸੀਂ ਤਿਆਰ ਹੋਵੋ। ਤੁਹਾਡੀ ਵਿਉਂਤ ਵਿੱਚ ਇਹ ਪ੍ਰਬੰਧ ਸ਼ਾਮਲ ਹੋਣੇ ਚਾਹੀਦੇ ਹਨ: ਟ੍ਰਾਂਸਪਲਾਂਟ ਕੇਂਦਰ ਪਹੁੰਚਣਾ, ਕੰਮ ਤੋਂ ਛੁੱਟੀ ਲੈਣੀ, ਬੱਚਿਆਂ ਅਤੇ ਪਾਲਤੂ ਜਾਨਵਰਾਂ ਦੀ ਦੇਖਭਾਲ, ਬਿੱਲਾਂ ਦੀ ਸਮੇਂ ਸਿਰ ਅਦਾਇਗੀ, ਤੁਹਾਡੇ ਸਿਹਤਯਾਬ ਹੋ ਜਾਣ ਤਕ ਬੈਂਕਿੰਗ ਅਤੇ ਵਿੱਤੀ ਲੋੜਾਂ ਦੀ ਦੇਖਰੇਖ।

ਜੇ ਤੁਸੀਂ ਵੈਨਕੂਵਰ ਤੋਂ ਬਾਹਰ ਰਹਿੰਦੇ ਹੋ ਤਾਂ ਟ੍ਰਾਂਸਪਲਾਂਟ ਤੋਂ ਬਾਅਦ ਦੋ ਤੋਂ ਤਿੰਨ ਮਹੀਨਿਆਂ ਲਈ ਤੁਹਾਨੂੰ ਵੈਨਕੂਵਰ ਵਿੱਚ ਆ ਕੇ ਰਹਿਣ ਲਈ ਤਿਆਰ ਰਹਿਣਾ ਪਵੇਗਾ। ਜੇ ਤੁਸੀਂ ਪਰਿਵਾਰ ਜਾਂ ਦੋਸਤਾਂ ਨਾਲ ਨਹੀਂ ਰਹਿ ਸਕਦੇ ਤਾਂ ਤੁਹਾਨੂੰ ਆਪਣੇ ਟ੍ਰਾਂਸਪਲਾਂਟ ਕੇਂਦਰ ਦੇ ਨਜ਼ਦੀਕ ਕੋਈ ਅਪਾਰਟਮੈਂਟ ਜਾਂ ਸਾਜ਼ੋ-ਸਾਮਾਨ ਨਾਲ ਪੂਰੀ ਤਰ੍ਹਾਂ ਸਜੀ-ਸਜਾਈ ਰਿਹਾਇਸ਼ ਕਿਰਾਏ 'ਤੇ ਲੈਣੀ ਪੈ ਸਕਦੀ ਹੈ। ਟ੍ਰਾਂਸਪਲਾਂਟ ਸੋਸ਼ਲ ਵਰਕਰ ਆਵਾਜਾਈ ਅਤੇ ਰਿਹਾਇਸ਼ ਸੰਬੰਧੀ ਯੋਜਨਾਬੰਦੀ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ। 'ਕਿਡਨੀ ਫ਼ਾਉਂਡੇਸ਼ਨ' ਦੀਆਂ 'ਕਿਡਨੀ ਸੁਈਟਸ' ਬਾਰੇ ਪਤਾ ਕਰੋ – ਇਹ ਸਜੀ-ਸਜਾਈ ਰਿਹਾਇਸ਼ ਹੁੰਦੀ ਹੈ ਜਿਹੜੀ ਅੱਠ ਹਫ਼ਤਿਆਂ ਤਕ ਬਹੁਤ ਹੀ ਘੱਟ ਖ਼ਰਚੇ 'ਤੇ ਜਾਂ ਮੁਫ਼ਤ ਮਿਲ ਸਕਦੀ ਹੈ। ਹਸਪਤਾਲ ਤੋਂ ਛੁੱਟੀ ਮਿਲ ਜਾਣ ਤੋਂ ਬਾਅਦ ਪਰਿਵਾਰਕ ਮੈਂਬਰਾਂ ਜਾਂ ਹੋਰ ਸਮਾਜਕ ਮਦਦ ਹਾਸਲ ਕਰਨ ਲਈ ਯੋਜਨਾ ਬਣਾਉਣੀ ਮਹੱਤਵਪੂਰਨ ਹੈ।

## ਕਦਮ 5: ਸੰਪਰਕ ਵਿੱਚ ਰਹੋ

ਜਦੋਂ ਤੁਸੀਂ ਟ੍ਰਾਂਸਪਲਾਂਟ ਲਈ ਇੰਤਜ਼ਾਰ ਕਰ ਰਹੇ ਹੋਵੋਗੇ, ਉਦੋਂ ਟ੍ਰਾਂਸਪਲਾਂਟ ਟੀਮ ਦੇ ਸੰਪਰਕ ਵਿੱਚ ਰਹਿਣਾ ਜ਼ਰੂਰੀ ਹੈ। ਜੇ ਤੁਹਾਡੀ ਸਿਹਤ ਵਿੱਚ ਕੋਈ ਤਬਦੀਲੀਆਂ ਆਉਂਦੀਆਂ ਹਨ ਤਾਂ ਉਨ੍ਹਾਂ ਨੂੰ ਦੱਸੋ। ਜੇ ਤੁਸੀਂ ਕਿਸੇ ਹੋਰ ਥਾਂ ਮੂਵ ਹੋ ਜਾਂਦੇ ਹੋ ਜਾਂ ਤੁਹਾਡੀ ਸੰਪਰਕ ਜਾਣਕਾਰੀ ਵਿੱਚ ਤਬਦੀਲੀ ਆਉਂਦੀ ਹੈ ਤਾਂ ਇਹ ਯਕੀਨੀ ਬਣਾਓ ਕਿ ਟ੍ਰਾਂਸਪਲਾਂਟ ਟੀਮ ਨੂੰ ਇਹ ਪਤਾ ਹੋਵੇ ਕਿ ਉਹ ਤੁਹਾਡੇ ਨਾਲ ਕਿੱਥੇ ਸੰਪਰਕ ਕਰ ਸਕਦੇ ਹਨ।

